# NEW JERSEY VOTES

SAFE. SIMPLE. SECURE.

11.3.2020

## ਨਵੰਬਰ 3, 2020 ਦੀਆਂ ਆਮ ਚੋਣਾਂ ਵਿੱਚ ਵੋਟ ਪਾਉਣ ਲਈ ਤੁਹਾਨੂੰ ਕੀ ਜਾਣਨ ਦੀ ਲੋੜ ਹੈ...

### ਮੇਲ ਰਾਹੀਂ ਮੈਂ ਕਿਵੇਂ ਵੋਟ ਕਰ ਸਕਦਾ ਹਾਂ?

ਨਿਊ ਜਰਸੀ ਵਿੱਚ ਸਾਰੇ ਸਕ੍ਰਿਅ ਰਜਿਸਟਰਡ ਵੋਟਰਾਂ ਨੂੰ ਮੇਲ ਵਿੱਚ ਉਹਨਾਂ ਦੇ ਬੈਲਟ ਆਪਣੇ ਆਪ ਮਿਲ ਜਾਣਗੇ। ਫਿਰ ਜਿਵੇਂ **ਵੋਟ ਪਾਉਣਾ, ਹਸਤਾਖ਼ਰ ਕਰਨਾ, ਸੀਲ ਲਗਾਉਣਾ, ਵਾਪਿਸ ਕਰਨਾ ਆਸਾਨ ਹੈ।** ਵਾਪਿਸ ਕਿਵੇਂ ਕਰਨਾ ਹੈ ਇਹ ਤੁਹਾਡੇ 'ਤੇ ਨਿਰਭਰ ਹੈ।

**1... ਮੇਲ: 3** ਨਵੰਬਰ ਸ਼ਾਮ 8:00 ਨੂੰ ਜਾਂ ਇਸ ਤੋਂ ਪਹਿਲਾਂ ਇਸ 'ਤੇ ਡਾਕ ਦੀ ਮੋਹਰ ਲੱਗੀ ਹੋਣੀ ਚਾਹੀਦੀ ਹੈ ਅਤੇ ਇਹ 10 ਨਵੰਬਰ ਨੂੰ ਜਾਂ ਇਸ ਤੋਂ ਪਹਿਲਾਂ ਤੁਹਾਡੇ ਕਾਉਂਟੀ ਦੇ ਚੋਣਾਂ ਦੇ ਬੋਰਡ ਨੂੰ ਮਿਲਣਾ ਚਾਹੀਦਾ ਹੈ।

**2... ਬੈਲਟ ਡਰੌਪ ਬਾੱਕਸ ਸੁਰੱਖਿਅਤ ਕਰੋ:** 3 ਨਵੰਬਰ ਨੂੰ ਸ਼ਾਮ 8:00 ਤੱਕ ਆਪਣਾ ਬੈਲਟ ਆਪਣੇ ਕਾਉਂਟੀ ਦੇ ਸੁਰੱਖਿਅਤ ਬੈਲਟ ਡਰੌਪ ਬਾੱਕਸਾਂ ਵਿੱਚੋਂ ਇੱਕ ਵਿੱਚ ਪਾਓ।

**3... ਚੋਣਾਂ ਦੇ ਬੋਰਡ ਦਾ ਦਫ਼ਤਰ:** 3 ਨਵੰਬਰ ਨੂੰ ਸ਼ਾਮ 8:00 ਤੱਕ ਆਪਣਾ ਬੈਲਟ ਖੁਦ ਜਾ ਕੇ ਆਪਣੇ ਕਾਉਂਟੀ ਦੇ ਚੋਣਾਂ ਦੇ ਬੋਰਡ ਦੇ ਦਫ਼ਤਰ ਦੇ ਕੇ ਆਓ।

**4... ਮਤਦਾਨ ਦਾ ਸਥਾਨ:** 3 ਨਵੰਬਰ ਨੂੰ, ਚੋਣਾਂ ਦੇ ਦਿਨ, ਸ਼ਾਮ 8:00 ਵਜੇ ਤੱਕ ਆਪਣੇ ਮੱਤਦਾਨ ਦੇ ਸਥਾਨ 'ਤੇ ਆਪਣਾ ਬੈਲਟ ਲਿਆਓ। ਯਾਦ ਰੱਖੋ ਕੇਵਲ ਤੁਸੀਂ, ਵੋਟਰ, ਚੋਣਾਂ ਦੇ ਦਿਨ ਆਪਣੇ ਮੱਤਦਾਨ ਸਥਾਨ 'ਤੇ ਆਪਣਾ ਬੈਲਟ ਲਿਆ ਸਕਦੇ ਹੋ।

### ਕੀ ਹੋਵੇਗਾ ਜੇ ਮੈਨੂੰ ਆਪਣਾ ਬੈਲਟ ਨਹੀਂ ਮਿਲਦਾ?

ਨਿਊ ਜਰਸੀ ਵਿੱਚ ਰਜਿਸਟਰਡ ਹਰ ਸਕ੍ਰਿਅ ਵੋਟਰ ਨੂੰ ਮੇਲ ਵਿੱਚ ਬੈਲਟ ਮਿਲਣਾ ਚਾਹੀਦਾ ਹੈ। ਜੇ ਇਹ 12 ਅਕਤੂਬਰ ਤੱਕ ਨਹੀਂ ਪਹੁੰਚਦਾ, ਤਾਂ **Vote.NJ.Gov** 'ਤੇ ਆਪਣੇ ਵੋਟ-ਬਾਏ –ਮੇਲ ਬੈਲਟ ਸਥਿਤੀ ਆੱਨਲਾਇਨ ਟਰੈਕ ਕਰੋ ਜਾਂ ਆਪਣੇ ਕਾਉਂਟੀ ਕਲਰਕ ਨਾਲ ਸੰਪਰਕ ਕਰੋ, ਜੋ ਕਾਉਂਟੀ ਇਲੈਕਸ਼ਨ ਆੱਫੀਸ਼ੀਅਲਸ ਪੇਜ 'ਤੇ ਸੂਚੀਬੱਧ ਹੈ।

### ਕੀ ਮੈਂ ਖੁਦ ਜਾ ਕੇ ਵੋਟ ਪਾ ਸਕਦਾ ਹਾਂ?

ਤੁਸੀਂ 3 ਨਵੰਬਰ ਨੂੰ ਚੋਣ ਦੇ ਦਿਨ ਸਵੇਰੇ 6:00 ਤੋਂ ਸ਼ਾਮ 8:00 ਵਜੇ ਤੱਕ, ਆਪਣੇ ਮੱਤਦਾਨ ਸਥਾਨ **'ਤੇ ਖੁਦ ਜਾ ਕੇ ਵੋਟ ਪਾ ਸਕਦੇ ਹੋ,** ਅਤੇ ਤੁਹਾਨੂੰ ਇੱਕ **ਪ੍ਰੋਵੀਜ਼ਨਲ ਪੇਪਰ ਬੈਲਟ ਦਿੱਤੀ ਜਾਵੇਗੀ।** ਅਪਾਹਿਜ ਲੋਕਾਂ ਲਈ ਪਹੁੰਚਯੋਗ ਵੋਟਿੰਗ ਡਿਵਾਇਸ ਵਰਤਣ ਲਈ ਇੰਤਜ਼ਾਮ ਕੀਤੇ ਜਾਣਗੇ। ਯਾਦ ਰੱਖੋ, ਤੁਸੀਂ ਆਪਣੇ ਮੱਤਦਾਨ ਸਥਾਨ 'ਤੇ ਆਪਣੀ ਵੋਟ-ਬਾਏ-ਮੇਲ ਵਾਪਿਸ ਕਰ ਸਕਦੇ ਹੋ। ਆਪਣਾ ਮੱਤਦਾਨ ਸਥਾਨ ਪੇਜ ਖੋਜੋ 'ਤੇ ਸੂਚੀਬੱਧ, ਆਪਣੇ ਮੱਤਦਾਨ ਸਥਾਨ ਲਈ **Vote.NJ.Gov** 'ਤੇ ਜਾਓ।

### ਮੈਂ ਵੋਟ ਪਾਉਣ ਲਈ ਕਿਵੇਂ ਰਜਿਸਟਰ ਕਰਾਂ?

**ਵੋਟ ਪਾਉਣ ਲਈ ਤੁਹਾਨੂੰ 13 ਅਕਤੂਬਰ ਤੱਕ ਰਜਿਸਟਰ ਕਰਨਾ ਪਵੇਗਾ।** ਆੱਨਲਾਇਨ ਵੋਟਰ ਰਜਿਸਟ੍ਰੇਸ਼ਨ ਲਈ ਜਾਂ ਤੁਹਾਡੀ ਰਜਿਸਟ੍ਰੇਸ਼ਨ ਸਥਿਤੀ ਚੈਕ ਕਰਨ ਲਈ **Vote.NJ.Gov** 'ਤੇ ਜਾਓ ।

### ਮੈਨੂੰ ਵਾਧੂ ਜਾਣਕਾਰੀ ਜਾਂ ਸਹਾਇਤਾ ਕਿੱਥੇ ਮਿਲ ਸਕਦੀ ਹੈ?

ਪੂਰੀ ਜਾਣਕਾਰੀ, ਡਰੌਪ ਬਾਕਸ ਅਤੇ ਮੱਤਦਾਨ ਸਥਾਨਾਂ, ਅਤੇ ਅਕਸਰ ਪੁੱਛੇ ਜਾਣ ਵਾਲੇ ਸਵਾਲਾਂ ਦੇ ਹੋਰ ਜਵਾਬਾਂ ਲਈ **Vote.NJ.Gov** 'ਤੇ ਜਾਓ। ਤੁਸੀਂ ਆਪਣੇ ਸਥਾਨਕ ਚੋਣ ਅਧਿਕਾਰੀਆਂ ਨਾਲ ਵੀ ਸੰਪਰਕ ਕਰ ਸਕਦੇ ਹੋ, ਜਾਂ ਵੋਟਰ ਜਾਣਕਾਰੀ ਅਤੇ ਸਹਾਇਤਾ ਲਾਇਨ **1-877-NJ-VOTER (1-877-658-6837)** 'ਤੇ ਕਾੱਲ ਵੀ ਕਰ ਸਕਦੇ ਹੋ।

THE GREAT SEAL OF THE STATE OF NEW JERSEY

ਗਵਰਨਰ Phil Murphy
ਰਾਜ Tahesha Way ਦੇ ਸਕੱਤਰ

**Vote.NJ.Gov**
**1-877-NJ-VOTER (1-877-658-6837)**

@NJElections | @NJ_Votes | NJ Department of State | @NJ_Votes